1-12-1991

# ਕੁਰਸੀ, ਮੋਰਚਾ ਤੇ ਹਵਾ ਵਿਚ ਲਟਕਦੇ ਹੋਏ ਲੋਕ



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਇਹ ਨਾਟਕ ਮੈਂ 1982 ਵਿਚ ਲਿਖਿਆ, ਜਦੋਂ ਪੰਜਾਬ ਦੇ ਮੌਜੂਦਾ ਸੰਤਾਪ ਦਾ ਮੁਢਲਾ ਦੌਰ ਸੀ । ਉਸ ਵੇਲੇ ਦਰਬਾਰਾ ਸਿੰਘ ਦੀ ਸਰਕਾਰ ਸੀ ਅਤੇ ਅਕਾਲੀਆਂ ਦਾ ਮੋਰਚਾ ਸ਼ੁਰੂ ਹੋ ਗਿਆ ਸੀ । ਇਸ ਨਾਟਕ ਨੂੰ ਨੁੱਕਰ ਨਾਟਕ ਦੀ ਸ਼ੈਲੀ ਵਿਚ ਲਿਖਿਆ ਸੀ ਤੇ ਇਹਦੀਆਂ ਬੇਸ਼ੁਮਾਰ ਪੇਸ਼ਕਾਰੀਆਂ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਕੀਤੀਆਂ । ਇਸ ਨਾਟਕ ਦਾ ਵਿਸ਼ਾ ਸੀ ਕਿ ਜਿਸ ਤਰੀਕੇ ਨਾਲ ਦੇਸ਼ ਦਾ ਸਾਰਾ ਪ੍ਰਬੰਧ ਚੱਲ ਰਿਹਾ ਹੈ, ਉਹਦੇ ਵਿਚ ਸਾਧਾਰਨ ਬੰਦਾ ਬੁਰੀ ਤਰ੍ਹਾਂ ਪਿਸ ਰਿਹਾ ਹੈ ਤੇ ਜਿਹੜੇ ਕੁਰਸੀ 'ਤੇ ਬੈਠੇ ਇਸ ਪ੍ਰਬੰਧ ਨੂੰ ਚਲਾ ਰਹੇ ਹਨ,ਉਹ ਸਾਧਾਰਨ ਲੋਕਾਂ ਦੀਆਂ ਤਕਲੀਫਾਂ ਤੋਂ ਬਿਲਕੁਲ ਬੇਪ੍ਰਵਾਹ ਹਨ। ਪਰ ਇਹਦੇ ਨਾਲ ਹੀ ਜੋ ਧਰਮ ਦੇ ਨਾਂ 'ਤੇ ਸਰਕਾਰ ਨੇ ਵਿਰੁਧ ਮੋਰਚਾ ਲਾ ਕੇ ਬੈਠੇ ਹਨ, ਉਨ੍ਹਾਂ ਕੋਲ ਵੀ ਸਾਧਾਰਨ ਬੰਦੇ ਦੇ ਦੁੱਖ ਦੂਰ ਕਰਨ ਲਈ ਤੇ ਜ਼ਿੰਦਗੀ ਨੂੰ ਜੀਣ ਯੋਗ ਬਣਾਉਣ ਲਈ ਕੋਈ ਪ੍ਰੋਗਰਾਮ ਨਹੀਂ ।

ਪਿੱਠ ਭੂਮੀ ਤੋਂ ਆਈ ਆਵਾਜ਼ ਨਾਲ ਇਸ ਨਾਟਕ ਦਾ ਆਰੰਭ ਹੁੰਦਾ ਹੈ, ''ਇਹ ਨਾਟਕ ਉਸ ਵੇਲੇ ਦਾ ਹੈ, ਜਦੋਂ ਪੰਜਾਂ ਪਾਣੀਆਂ ਦੀ ਧਰਤੀ ਨੂੰ, ਜੋ ਹੁਣ ਤਿੰਨਾਂ ਪਾਣੀਆਂ ਦੀ ਧਰਤੀ ਰਹਿ ਗਈ ਹੈ, ਅੱਗ ਲੱਗੀ ਹੋਈ ਹੈ । ਇਸ ਨਾਟਕ ਦੇ ਪਾਤਰ ਹਨ, ਕੁਰਸੀ ਵਾਲਾ, ਮੰਜੀ ਵਾਲਾ ਤੇ ਹਵਾ ਵਿਚ ਲਟਕਦੇ ਕੁਝ ਲੋਕ । ਜੇ ਕੁਰਸੀ ਵਾਲਾ ਇਥੇ ਮੁੱਖ ਪਾਤਰ ਹੈ ਤਾਂ ਮੰਜੀ ਵਾਲਾ ਪ੍ਰਮੁੱਖ ਪਾਤਰ ਹੈ ਕਿਉਂਕਿ ਉਹ ਆਪਣੇ-ਆਪ ਨੂੰ ਉਸ ਰੱਬ ਦਾ ਪ੍ਰਤੀਨਿਧ ਸਮਝਦਾ ਹ, ਜੋ ਇਸ ਧਰਤੀ ਦਾ ਪ੍ਰਮੁੱਖ ਚਾਲਕ ਹੈ । ਮੁੱਖ ਪਾਤਰ ਤੇ ਪ੍ਰਮੁੱਖ ਪਾਤਰ ਭਾਵ ਕੁਰਸੀ ਵਾਲਾ ਤੇ ਮੰਜੀ ਵਾਲਾ ਆਪਸ ਵਿਚ ਰੁੱਸੇ ਹੋਏ ਹਨ, ਇਸ ਲਈ ਇਨ੍ਹਾਂ ਦੇ ਮੂੰਹ ਵੀ ਵੱਖ ਵੱਖ ਪਾਸੇ ਹਨ । ਇਹ ਵੱਖਰੇ ਵੱਖਰੇ ਪਾਤਰ ਹਨ ਪਰ ਇਨ੍ਹਾਂ ਦੀ ਇਕ ਗੱਲ ਮਿਲਦੀ ਹੈ ਕਿ ਕੋਈ ਇਨ੍ਹਾਂ ਵਿਚੋਂ ਡੱਕਾ ਦੂਹਰਾ ਨਹੀਂ ਕਰਦਾ, ਦੋਨੋਂ ਵੇਹਲੀਆਂ ਖਾਂਦੇ ਹਨ ਅਤੇ ਦੂਜਿਆਂ ਦੀ ਮਿਹਨਤ ਉਤੇ ਜਿਉਂਦੇ ਹਨ । ਦੋਨੋਂ ਮੋਟੇ ਢਿੱਡਾਂ ਵਾਲੇ ਹਨ ।''

ਇਹ ਸ਼ਬਦ ਜਦੋਂ ਬੋਲੇ ਜਾ ਰਹੇ ਹਨ ਤਾਂ ਦੋਨਾਂ ਪਾਤਰਾਂ ਨੇ ਆਪਣੀਆਂ ਥਾਵਾਂ ਕੁਰਸੀ ਤੇ ਮੰਜੀ 'ਤੇ ਸਾਂਭ ਲਈਆਂ ਹਨ । ਇਕ ਬੇਰੁਜ਼ਗਾਰ ਨੌਜਵਾਨ ਆਉਂਦਾ ਹੈ, ਉਹ ਪਹਿਲੇ ਕੁਰਸੀ ਨੂੰ ਸੰਬੋਧਿਤ ਹੁੰਦਾ ਹੈ, ''ਇਹ ਕੁਰਸੀ ਵਾਲਿਓ, ਮੈਂ ਇਕ ਬੇਰੁਜ਼ਗਾਰ ਨੌਜਵਾਨ ਹਾਂ, ਸੋਲ੍ਹਾਂ ਪੜ੍ਹਿਆ ਹਾਂ, ਮੈਨੂੰ ਨੌਕਰੀ ਦਿਓ ।'' ਜਵਾਬ ਮਿਲਦਾ ਹੈ, ''ਅਸੀਂ ਤੈਨੂੰ ਕਿਹਾ ਸੀ, ਸੋਲਾਂ ਪੜ੍ਹ, ਥੋੜ੍ਹੀਆਂ ਪੜ੍ਹ ਲੈਂਦਾ ।'' ਨੌਜਵਾਨ ਫਿਰ ਕਹਿੰਦਾ ਹੈ ਕਿ ਇਸ ਗੱਲ ਨੂੰ ਇਸ ਤਰ੍ਹਾਂ ਨਾ ਟਾਲੋ, ਇਹ ਉਹਦੇ ਲਈ ਜ਼ਿੰਦਗੀ-ਮੌਤ ਦਾ ਸਵਾਲ ਹੈ । ਤੇ ਜਵਾਬ ਮਿਲਦਾ ਹੈ- ''ਮੌਤ ਦੀ ਇਸ ਧਰਤੀ ਨੂੰ ਬੜੀ ਲੋੜ ਹੈ । ਇਥੇ ਮਰਦੇ ਥੋੜ੍ਹੇ ਨੇ ਤੇ ਪੈਦਾ ਬਹੁਤੇ ਹੁੰਦੇ ਨੇ ।'' ਨੌਜਵਾਨ ਮੋਰਚੇ ਵਾਲਿਆਂ ਨੂੰ ਸੰਬੋਧਨ ਹੁੰਦਾ ਹੈ-''ਮੋਰਚੇ ਵਾਲਿਓ, ਤੁਸੀਂ ਹੀ ਮੇਰੇ ਲਈ ਕੁਝ ਕਰੋ ।'' ਤਾਂ ਜਵਾਬ ਮਿਲਦਾ ਹੈ- ''ਬਈ ਇਹ ਕੰਮ ਦੇਣਾ, ਸਾਡੇ ਮੋਰਚੇ ਦੀਆਂ ਮੰਗਾਂ ਵਿਚ ਸ਼ਾਮਲ ਨਹੀਂ, ਸਾਡੀ ਸ਼ਰਨ ਆ ਜਾ ਅਸੀਂ ਤੈਨੂੰ ਵਾਹਿਗੁਰੂ ਦਾ ਭਾਣਾ ਮੰਨਣਾ ਸਿਖਾ ਦੇਵਾਂਗੇ ਤੇ ਜਿਨ੍ਹਾਂ ਵਾਹਿਗੁਰੂ ਦਾ ਭਾਣਾ ਮੰਨ ਲਿਆ, ਉਹਨੂੰ ਤਕਲੀਫ ਕਾਹਦੀ ਹੈ-''

ਬੇਰੁਜ਼ਗਾਰ ਨੌਜਵਾਨ ਤੋਂ ਬਾਅਦ ਛਾਂਟੀ ਹੋਇਆ ਮਜ਼ਦੂਰ ਆਂਦਾ ਹੈ, ਫਿਰ ਕਿਸਾਨ ਆਉਂਦਾ ਹੈ । ਉਹ ਆਪਣੀਆਂ ਤਕਲੀਫਾਂ ਕੁਰਸੀ ਵਾਲੇ ਨੂੰ ਦੱਸਦੇ ਹਨ । ਕੁਰਸੀ ਵਾਲੇ ਕੋਲ ਲਾਰੇ ਦੇ ਸਿਵਾ ਕੁਝ ਨਹੀਂ । ਉਹ ਆਪਣੀ ਗੱਲ ਮੋਰਚੇ ਵਾਲੇ ਨਾਲ ਕਰਦੇ ਹਨ ਪਰ ਮੋਰਚੇ ਦੇ ਪ੍ਰੋਗਰਾਮ ਵਿਚ ਉਨ੍ਹਾਂ ਦੀ ਕੋਈ ਮੰਗ ਵੀ ਸ਼ਾਮਲ ਨਹੀਂ । ਜੇ ਕੁਰਸੀ ਵਾਲਿਆਂ ਕੋਲ ਨਾਅਰਾ ਹੈ 'ਦੇਸ਼ ਖਤਰੇ ਵਿਚ ਹੈ' ਤਾਂ ਮੋਰਚੇ ਵਾਲਿਆਂ ਕੋਲ ਜਵਾਬੀ ਨਾਅਰਾ ਹੈ 'ਪੰਥ ਖਤਰੇ ਵਿਚ ਹੈ ।' ਦੇਸ਼ ਅਤੇ ਪੰਥ ਵਿਚ ਲੋਕ ਸ਼ਾਮਲ ਨਹੀਂ ਹਨ, ਕੁਰਸੀ ਵਾਲਿਆਂ ਕੋਲ ਲੋਕਾਂ ਦੀ ਆਵਾਜ਼ ਦਬਾਉਣ ਦਾ ਇਕੋ ਨੁਸਖਾ ਹੈ ਕਿ ਲੋਕ ਨਾਂ ਮੰਨਣ ਤਾਂ ਜੱਬਰ ਨਾਲ ਅਵਾਜ਼ ਦਬਾਈ ਜਾਵੇ। ਆਖਰ ਇਹ ਪੁਲੀਸ, ਫੌਜ ਅਤੇ ਜੇਲ੍ਹਾਂ ਕਿਸ ਲਈ ਹਨ ? ਮੋਰਚੇ ਵਾਲਿਆਂ ਕੋਲ ਲੋਕਾਂ ਦੀ ਆਵਾਜ਼ ਬੰਦ ਕਰਨ ਦਾ ਇਕ ਅਜ਼ਮਾਇਆ ਹੋਇਆ ਨੁਸਖਾ ਹੈ ਕਿ ਉਨ੍ਹਾਂ ਨੂੰ ਕਿਸੇ ਨਾ ਕਿਸੇ ਧਾਰਮਿਕ ਮਸਲੇ 'ਚ ਉਲਝਾਈ ਰੱਖੋ । ਇਸ ਤਰ੍ਹਾਂ ਗੱਡੀ ਚੰਗੀ ਚਲਦੀ ਜਾਂਦੀ ਹੈ ।

ਨਾਟਕ ਦੇ ਅੰਤ ਵਿਚ ਲੋਕ ਉਠਦੇ ਹਨ । ਉਹ ਕੁਰਸੀ ਵਾਲਿਆਂ ਤੇ ਮੋਰਚੇ ਵਾਲਿਆਂ ਦੇ ਦੰਭ ਨੂੰ ਸਮਝ ਗਏ ਹਨ ਤੇ ਉਹ ਸੰਕੇਤਕ ਤੌਰ 'ਤੇ ਦੋਨਾਂ ਦੀਆਂ ਪੱਗਾਂ ਨੂੰ ਹੱਥ ਪਾਉਂਦੇ ਹਨ, ਉਨ੍ਹਾਂ ਦੇ ਬੋਲ ਹਵਾ ਵਿਚ ਗੂੰਜਦੇ ਹਨ । (ਇਹ ਬੋਲ ਪਾਸ਼ ਦੀ ਇਕ ਕਵਿਤਾ ਤੋਂ ਪ੍ਰੇਰਿਤ ਹੋ ਕੇ ਲਿਖੇ ਗਏ ਹਨ)

ਹੁਣ ਤੁਹਾਡੀਆਂ ਪੱਗਾਂ ਲਾਹੁਣ ਦਾ  
ਸਾਡਾ ਵੀ ਹੱਕ ਬਣਦਾ ਹੈ,  
ਅਸਾਂ ਬਹੁਤ ਚਿਰ ਛਿੱਲ ਲੁਹਾ ਕੇ ਆਪਣੀ  
ਤੁਹਾਡੇ ਦੰਭ ਦਾ ਨਾਟ ਵੇਖਿਆ ਹੈ  
ਤੇ ਮੁੱਲ ਇਹਦਾ ਬਹੁਤ ਤਾਰਿਆ ਹੈ  
ਹੁਣ ਸਾਡਾ ਹੱਕ ਬਣਦਾ ਹੈ  
ਪੱਗ ਤੁਹਾਡੀ ਨੂੰ ਹੱਥ ਪਾਉਣ ਦਾ ।

ਇਸ ਨਾਟਕ ਵਿਚ ਮੌਜੂਦਾ ਚਲ ਰਹੇ ਸਰਕਾਰੀ ਵਰਤਾਰੇ ਦੇ ਕੋਹਜ ਨੂੰ ਨਸ਼ਰ ਕੀਤਾ ਗਿਆ ਹੈ। ਉਥੇ ਇਹ ਵੀ ਸੁਨੇਹਾ ਦਿੱਤਾ ਗਿਆ ਕਿ ਧਾਰਮਿਕ ਮੋਰਚੇ, ਜਿਨ੍ਹਾਂ ਵਿਚ ਸਾਧਾਰਨ ਲੋਕਾਂ ਦੀਆਂ ਦੁੱਖਾਂ, ਤਕਲੀਫਾਂ ਦਾ ਜ਼ਿਕਰ ਤਕ ਨਹੀਂ, ਉਹ ਇਸ ਵਰਤਾਰੇ ਦਾ ਸਹੀ ਬਦਲ ਨਹੀਂ ।

ਪਿਛੋਂ ਲਿਖਿਆ ਨੋਟ :

ਕੁਰਸੀ ਤੇ ਮੋਰਚੇ ਦੀ ਖੇਡ ਪੰਜਾਬ ਵਿਚ ਬਾਰ੍ਹਾਂ ਸਾਲ ਪਹਿਲੇ ਸ਼ੁਰੂ ਹੋਈ । ਇਸ ਦਾ ਸੰਤਾਪ ਅਸੀਂ ਅੱਜ ਵੀ ਭੋਗ ਰਹੇ ਹਾਂ । ਹੁਣ ਰਾਮ ਜਨਮ ਭੂਮੀ, ਬਾਬਰੀ ਮਸਜਿਦ ਦਾ ਰੇੜਕਾ ਲੈ ਕੇ ਇਹ ਖੇਡ ਵਿਸ਼ਾਲ ਪੱਧਰ 'ਤੇ ਸਾਰੇ ਦੇਸ਼ ਵਿਚ ਸ਼ੁਰੂ ਹੋ ਗਈ ਹੈ, ਮੈਂ ਨਾਟਕ ਵਿਚ ਲੋਕਾਂ ਨੂੰ ਜਾਗਦਿਆਂ ਦਿਖਾਇਆ ਹੈ, ਇਹ ਮੇਰਾ ਇੱਛਕ ਯਥਾਰਥ ਹੈ । ਇਹ ਇੱਛਕ ਯਥਾਰਥ ਹਾਲੇ ਯਥਾਰਥ ਨਹੀਂ ਬਣ ਸਕਿਆ, ਕੁਰਸੀ ਵਾਲਿਆਂ ਦਾ ਦੰਭ ਵੀ ਚਲ ਰਿਹਾ ਹੈ ਤੇ ਸਾਧਾਂ-ਸੰਤਾਂ ਵਲੋਂ ਲੋਕਾਂ ਲਈ ਚਲਾਇਆ ਕੁਰਸੀ ਦਾ ਗੇੜ ਵੀ ਕਾਇਮ ਹੈ । ਇਹ ਸਭ ਕੁਝ ਅਸੀਂ ਕਦੋਂ ਠੀਕ ਕਰ ਸਕਾਂਗੇ ? ਇਹ ਸਵਾਲ ਚਣੌਤੀ ਦੇ ਰੂਪ ਵਿਚ ਸਾਡੇ ਸਾਹਮਣੇ ਹੈ ।



ਨਾਟਕ ਵਿਚ ਸੁਖਦੇਵ ਪ੍ਰੀਤ ਅਤੇ ਪਰਮਜੀਤ ਸਿੰਘ ।

ਪੰਜਾਬੀ ਟ੍ਰਿਬਿਊਨ 1.12.91